BC Epilepsy Society

## ਮਿਰਗੀ ਵਾਲੇ ਲੋਕਾਂ ਲਈ ਮੈਡੀਕਲ ਪਛਾਣ ਅਤੇ ਸੇਫਟੀ ਦੇ ਯੰਤਰ (Medical Identification and Safety Devices for People with Epilepsy)

ਇੱਥੇ ਦਰਜ ਕੰਪਨੀਆਂ ਵਸਤਾਂ ਵੇਚਣ ਵਾਲੀਆਂ ਕਰਮਸ਼ੀਅਲ ਵਸੀਲੇ ਹਨ ਜਿਹੜੀਆਂ ਮਿਰਗੀ ਵਾਲੇ ਲੋਕਾਂ ਲਈ ਫਾਇਦੇਮੰਦ ਹੋ ਸਕਦੀਆਂ ਹਨ। ਇਨ੍ਹਾਂ ਕੰਪਨੀਆਂ ਨਾਲ ਸਾਡਾ ਕੋਈ ਸਰੋਕਾਰ ਨਹੀਂ ਹੈ, ਅਤੇ ਨਾ ਹੀ ਇਨ੍ਹਾਂ ਕੰਪਨੀਆਂ ਨਾਲ ਸਾਡਾ ਕੋਈ ਮਾਇਕ ਲੈਣ ਦੇਣ ਜਾਂ ਹੋਰ ਸੰਬੰਧ ਹੈ ਅਤੇ ਅਸੀਂ ਇਨ੍ਹਾਂ ਵਸਤਾਂ ਦਾ ਸਮਰਥਨ ਨਹੀਂ ਕਰਦੇ। ਕੋਈ ਚੀਜ਼ ਖਰੀਦਣ ਦਾ ਫੈਸਲਾ ਕਰਨ ਤੋਂ ਪਹਿਲਾਂ ਕਿਸੇ ਮੈਡੀਕਲ ਮਾਹਰ ਤੋਂ ਚੈੱਕ ਕਰੋ ਅਤੇ ਆਪਣੀ ਖੁਦ ਦੀ ਖੋਜ ਕਰੋ।

### *ਮੈਡੀਕਲ ਪਛਾਣ*

**ਮੈਡਿਕਅਲਰਟ** 1-800-668-1507 www.medicalert.ca
ਮੈਡੀਕਲ ਆਈ ਡੀ ਜਿਊਲਰੀ ਵੇਚਦੀ ਹੈ ਅਤੇ ਤੁਹਾਡੀ ਮੈਡੀਕਲ ਜਾਣਕਾਰੀ ਅਤੇ ਐਮਰਜੰਸੀ ਵਿਚ ਸੰਪਰਕ ਕੀਤੇ ਜਾ ਸਕਣ ਵਾਲੇ ਨੰਬਰਾਂ ਨੂੰ ਇਕ ਡੈਟਾਬੇਸ ਵਿਚ ਰੱਖਦੀ ਹੈ ਜਿਸ ਤੱਕ ਮੈਡੀਕਲ ਸਟਾਫ ਪਹੁੰਚ ਕਰ ਸਕਦਾ ਹੈ। ਮੈਡੀਕਲ ਆਈ ਡੀ ਖਰੀਦਣ ਦੇ ਨਾਲ ਨਾਲ ਤੁਸੀਂ ਸਲਾਨਾ ਮੈਂਬਰਸ਼ਿਪ ਫੀਸ ਵੀ ਦਿੰਦੇ ਹੋ। ਜਿਹੜੇ ਲੋਕ ਮਾਇਕ ਲੋੜ ਵਾਲੇ ਹੁੰਦੇ ਹਨ, ਉਨ੍ਹਾਂ ਨੂੰ ਸਲਾਨਾ ਫੀਸ ’ਤੇ ਅਤੇ ਸਟੇਨਲੈਸ ਸਟੀਲ ਦੀ ਆਈ ਡੀ ਦੇ ਖਰਚੇ ’ਤੇ ਥੋੜ੍ਹੀ ਸਬਸਿਡੀ ਦੇਣ ਲਈ ਉਹ ਮੈਂਬਰਸ਼ਿਪ ਅਸਿਸਟੈਂਸ ਪ੍ਰੋਗਰਾਮ ਪੇਸ਼ ਕਰਦੇ ਹਨ। ਜ਼ਿਆਦਾ ਜਾਣਕਾਰੀ ਇੱਥੇ ਹੈ:
www.medicalert.ca/en/professionals/order.asp

**ਨੋ ਚਾਇਲਡ ਵਿਦਾਊਟ** 1-866-679-3220 www.nochildwithout.ca
ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲਾ ਇਕ ਪ੍ਰੋਗਰਾਮ ਜਿਹੜਾ 4 ਅਤੇ 14 ਸਾਲ ਦੀ ਵਿਚਕਾਰ ਦੇ ਉਮਰ ਦੇ ਵਿਦਿਆਰਥੀਆਂ ਨੂੰ ਮੁਫਤ ਮੈਡਿਕਅਲਰਟ ਪਛਾਣ ਪ੍ਰਦਾਨ ਕਰਦਾ ਹੈ। ਬੱਚਾ ਉਸ ਸਕੂਲ ਵਿਚ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਸਕੂਲ ਦਾ ਜ਼ਿਲਾ ਇਸ ਪ੍ਰੋਗਰਾਮ ਵਿਚ ਹਿੱਸਾ ਲੈ ਰਿਹਾ ਹੈ।

**ਲੌਰਨ’ਜ਼ ਹੋਪ** 1-800-360-8680 www.laurenshope.com
ਮਰਦਾਂ, ਔਰਤਾਂ, ਮੁੰਡਿਆਂ, ਅਤੇ ਕੁੜੀਆਂ ਲਈ ਵੱਖ ਵੱਖ ਸਟਾਇਲਾਂ ਵਾਲੀ ਮੈਡੀਕਲ ਆਈ ਡੀ ਜਿਊਲਰੀ ਪੇਸ਼ ਕਰਦਾ ਹੈ। ਜਿਊਲਰੀ ਵਿਚ ਵੰਗਾਂ, ਹਾਰ, ਜੰਜ਼ੀਰਾਂ, ਬੈਗ ਟੈਗ ਅਤੇ ਟੈਂਪਰੇਰੀ ਟਾਟੂ ਸ਼ਾਮਲ ਹਨ।

**ਯੂਨੀਵਰਸਲ ਮੈਡੀਕਲ ਆਈ ਡੀ ਕੈਨੇਡਾ** 1-800-616-3400 www.universalmedicalid.com/canada
ਮੈਡੀਕਲ ਆਈ ਡੀ ਜਿਊਲਰੀ ਦੀਆਂ ਬਹੁਤ ਸਾਰੀਆਂ ਚੋਣਾਂ ਪ੍ਰਦਾਨ ਕਰਦੀ ਹੈ। ਹਰ ਮੈਡੀਕਲ ਆਈ ਡੀ, ਨਾਂ ਦੀ ਮੁਫਤ ਖੁਦਾਈ, ਬਟੂਏ ਵਿਚ ਪਾਉਣ ਵਾਲੇ ਕਾਰਡ ਅਤੇ ਔਨਲਾਈਨ ਮੈਡੀਕਲ ਰਜਿਸਟਰੀ ਨਾਲ ਆਉਂਦੀ ਹੈ ਜਿਸ ਦੀ ਕੋਈ ਸਲਾਨਾ ਫੀਸ ਨਹੀਂ ਹੈ। ਇਹ ਰਜਿਸਟਰੀ ਇਲਾਜ ਕਰਨ ਵਾਲੇ ਨੂੰ ਸੰਖੇਪ ਮੈਡੀਕਲ ਜਾਣਕਾਰੀ, ਸੰਭਾਲ ਕਰਨ ਲਈ ਹਿਦਾਇਤਾਂ, ਅਤੇ ਐਮਰਜੰਸੀ ਵਿਚ ਸੰਪਰਕ ਕਰਨ ਵਾਲੇ ਨੰਬਰਾਂ ਤੱਕ ਪਹੁੰਚ ਪ੍ਰਦਾਨ ਕਰਦੀ ਹੈ।

**ਵਾਈਟਲ ਆਈ ਡੀ** 250-760-0048 www.vitalid.ca
ਹੰਢਣਸਾਰ, ਮੇਚ ਮੁਤਾਬਕ ਅਤੇ ਪਾਣੀ ਦੇ ਨੁਕਸਾਨ ਤੋਂ ਰਹਿਤ ਗੁੱਟ ’ਤੇ ਪਾਉਣ ਵਾਲੇ ਬੈਂਡਜ਼ ਪੇਸ਼ ਕਰਦੀ ਹੈ। ਇਹ ਛੋਟੇ ਬੱਚਿਆਂ ਅਤੇ ਖਿਡਾਰੀਆਂ ਲਈ ਖਾਸ ਤੌਰ ’ਤੇ ਫਾਇਦੇਮੰਦ ਹਨ। ਆਈ ਡੀ ਕਾਰਡ ਵੰਗ ਦੇ ਵਿਚ ਪਾਇਆ ਹੋਇਆ ਹੁੰਦਾ ਹੈ ਜੋ ਕਿ ਜਾਣਕਾਰੀ ਤੱਕ ਪਹੁੰਚ ਕਰਨਾ ਅਤੇ ਇਸ ਨੂੰ ਨਵਿਆਉਣਾ ਅਤੇ ਸੋਧਣਾ ਸੌਖਾ ਬਣਾਉਂਦਾ ਹੈ। ਜੁੱਤੀਆਂ ’ਤੇ ਲੱਗਣ ਵਾਲੇ ਟੈਗ, ਸਪੋਰਟ ਹੈਲਮੈਟਾਂ ਲਈ ਆਈ ਡੀ, ਅਤੇ ਸੁੱਟਣਯੋਗ ਸੇਫਟੀ ਅਤੇ ਟਰੈਵਲ ਬੈਂਡ ਵੀ ਉਪਲਬਧ ਹਨ।

**ਬੀਡਿੰਗ ਹਾਰਟਸ** 1-888-961-7717 www.beadinghearts.ca

ਇਹ ਕੰਪਨੀ ਵੱਖ ਵੱਖ ਮੌਕਿਆਂ ਅਤੇ ਉਮਰਾਂ ਲਈ ਵਾਰਾ ਖਾਣ ਯੋਗ ਅਤੇ ਫੈਸ਼ਨ ਵਾਲੀਆਂ ਮੈਡੀਕਲ ਆਈ ਡੀ ਵਸਤਾਂ ਪੇਸ਼ ਕਰਦੀ ਹੈ। ਇਨ੍ਹਾਂ ਵਿਚ ਸ਼ਾਮਲ ਹਨ ਮਣਕਿਆਂ ਵਾਲੀਆਂ ਵੰਗਾਂ, ਪਾਣੀ ਨਾਲ ਖਰਾਬ ਨਾ ਹੋਣ ਵਾਲੀਆਂ ਅਤੇ ਹੰਢਣਸਾਹ ਚਮੜੇ ਦੀਆਂ ਗੁੱਟ ਬੈਂਡਜ਼ ਅਤੇ ਖੇਡਾਂ ਲਈ ਪਛਾਣ।

ਮੈਡੀਕਲ ਆਈ ਡੀਜ਼ ਪ੍ਰਦਾਨ ਕਰਨ ਵਾਲੀਆਂ ਹੋਰ ਕੰਪਨੀਆਂ ਨਾਲ ਲਿੰਕ ਅੱਗੇ ਦਿੱਤੇ ਗਏ ਹਨ:
**ਬੀਡਿਡ ਡੇਜ਼ੀ:** www.beadeddaisy.com
**ਕਰੀਏਟਿਵ ਮੈਡੀਕਲ ਆਈ ਡੀ:** www.creativemedicalid.com
**ਕਸਟਮ ਮੈਡੀਕਲ ਬਰੇਸਲਿਟਸ:** www.custommedicalbracelets.com
**ਮੈਡੀਕਲ ਆਈ ਡੀ ਸਟੋਰ:** www.medicalidstore.com
**ਐਨ-ਸਟਾਈਲ ਆਈ ਡੀ:** www.n-styleid.com
**ਪੈਟੀਟ ਬੌਬਲਜ਼ ਬੂਟੀਕ:** www.petitebaublesboutique.com
**ਸਟਿਕੀ ਜਿਊਲਰੀ:** www.stickyj.com

ਮੈਡੀਕਲ ਆਈ ਡੀ ਜਿਊਲਰੀ ਕੁਝ ਫਾਰਮੇਸੀਆਂ ਅਤੇ ਜਿਊਲਰੀ ਸਟੋਰਾਂ ਤੋਂ ਵੀ ਖਰੀਦੀ ਜਾ ਸਕਦੀ ਹੈ। ਇਨ੍ਹਾਂ ਉੱਪਰ ਕੁਝ ਆਮ ਬੀਮਾਰੀਆਂ ਦਾ ਨਾਂ ਉਕਰਿਆ ਹੋਇਆ ਹੋ ਸਕਦਾ ਹੈ, ਜਿਵੇਂ ਕਿ ਐਪੀਲੈਪਸੀ, ਜਾਂ ਨਿੱਜੀ ਉਕਰਾਈ ਲਈ ਇਹ ਖਾਲੀ ਹੋ ਸਕਦੀਆਂ ਹਨ।

### *ਦਵਾਈਆਂ ਬਾਰੇ ਯਾਦ ਕਰਵਾਉਣ ਵਾਲੀਆਂ ਚੀਜ਼ਾਂ*
ਦਵਾਈਆਂ ਦਾ ਪ੍ਰਬੰਧ ਕਰਨ ਲਈ ਦਵਾਈਆਂ ਦੇ ਬੌਕਸ (ਪਿਲਬੌਕਸ) ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਹ ਬਹੁਤੇ ਡਰੱਗ ਸਟੋਰਾਂ ਤੋਂ ਮਿਲਦੇ ਹਨ ਅਤੇ ਵੱਖ ਵੱਖ ਆਕਾਰਾਂ ਅਤੇ ਰੂਪਾਂ ਵਿਚ ਆਉਂਦੇ ਹਨ। ਜਿਹੜੀਆਂ ਕੰਪਨੀਆਂ ਦਵਾਈਆਂ ਦੇ ਪ੍ਰਬੰਧ ਵਿਚ ਮਦਦ ਕਰਦੀਆਂ ਹਨ ਉਨ੍ਹਾਂ ਵਿਚ ਸ਼ਾਮਲ ਹਨ:

**ਈ-ਪਿੱਲ** 1-800-549-0095 www.epill.com
ਦਵਾਈਆਂ ਲੈਣ ਬਾਰੇ ਯਾਦ ਕਰਵਾਉਣ ਵਾਲੇ ਵੱਖ ਵੱਖ ਯੰਤਰ ਅਤੇ ਔਰਗੇਨਾਈਜ਼ਰ ਵੇਚਦੀ ਹੈ ਜਿਹੜੇ ਕਿਸੇ ਵਿਅਕਤੀ ਦੀ ਦਵਾਈਆਂ ਦੱਸੇ ਤਰੀਕੇ ਨਾਲ ਲੈਣਾ ਯਾਦ ਰੱਖਣ ਵਿਚ ਮਦਦ ਕਰਦੇ ਹਨ। ਇਨ੍ਹਾਂ ਵਿਚ ਟਾਈਮਰਾਂ ਨਾਲ ਪਿੱਲ ਡਿਸਪੈਂਸਰ, ਫਰਕਣ ਵਾਲੀਆਂ ਅਲਾਰਮ ਘੜੀਆਂ ਅਤੇ ਪੇਜਰ ਸ਼ਾਮਲ ਹਨ।

**ਔਨਟਾਈਮ ਆਰ ਐਕਸ** 1-866-944-8966 www.ontimerx.com
ਦਵਾਈਆਂ ਬਾਰੇ ਯਾਦ ਕਰਵਾਉਣ ਵਾਲੀ ਇਕ ਸਰਵਿਸ ਜਿਹੜੀ ਈਮੇਲ, ਫੋਨ ਜਾਂ ਸਮਾਰਟਫੋਨ ਰਾਹੀਂ ਮਿੱਥੇ ਹੋਏ ਸੁਨੇਹੇ ਭੇਜਦੀ ਹੈ।

### *ਸਿਰ ਦੇ ਬਚਾਅ ਲਈ*

**ਡੈਨਮਾਰ ਪ੍ਰੋਡਕਟਸ** 1-800-783-1998 www.danmarproducts.com
ਮੇਚ ਦੇ ਹੈਲਮਿਟਾਂ ਲਈ ਸੇਫਟੀ ਦਾ ਸਾਜ਼-ਸਾਮਾਨ ਤਿਆਰ ਕਰਦੀ ਹੈ। ਨਰਮ ਅਤੇ ਸਖਤ ਖੋਲ ਦੇ ਮਾਡਲ ਉਪਲਬਧ ਹਨ ਅਤੇ ਇਸ ਦੇ ਨਾਲ ਨਾਲ ਠੋਡੀ ਅਤੇ ਚਿਹਰੇ ਦੇ ਗਾਰਡ ਵੀ। ਹੋਰ ਵਸਤਾਂ ਵਿਚ ਸਿਰ ਦੀ ਸੁਪੋਰਟ, ਤਰਨ ਲਈ ਯੰਤਰ ਅਤੇ ਗੁਸਲਖਾਨੇ ਵਿਚ ਮਦਦ ਕਰਨ ਵਾਲੀਆਂ ਵਸਤਾਂ ਸ਼ਾਮਲ ਹਨ।

**ਪਲੱਮ ਇੰਟਰਪ੍ਰਾਈਜ਼ਜ਼** 1-800-321-7586 www.plument.com
ਡਿਗਣ ਤੋਂ ਸੇਫਟੀ ਲਈ ਪਾਈਆਂ ਜਾਣ ਵਾਲੀਆਂ ਵੱਖ ਵੱਖ ਵਸਤਾਂ ਤਿਆਰ ਕਰਦੀ ਹੈ। ਇਸ ਵਿਚ ਪ੍ਰੋਟੈਕਟਾਕੈਪ ਵੀ ਸ਼ਾਮਲ ਹੈ ਜੋ ਕਿ ਸਿਰ ਦੀ ਹਿਫਾਜ਼ਤ ਲਈ ਹਲਕੀ ਫੋਮ ਵਾਲੀ ਹੈ। ਹੋਰ ਵਸਤਾਂ ਵਿਚ ਸਰੀਰ ਦੇ ਵੱਖ ਵੱਖ ਹਿੱਸਿਆਂ ਲਈ ਖਾਸ ਪੈਡਿੰਗ ਸ਼ਾਮਲ ਹੈ ਜਿਸ ਵਿਚ ਲੱਤਾਂ, ਬਾਹਾਂ, ਅਤੇ ਚੂਲੇ ਲਈ ਸ਼ਾਮਲ ਹਨ।

### *ਸੀਜ਼ਰ ਮੌਨੀਟਰਜ਼*
ਕਿਸੇ ਹੋਰ ਥਾਂ ਤੋਂ ਸੰਭਵ ਸੀਜ਼ਰ ਦੀਆਂ ਆਵਾਜ਼ਾਂ ਸੁਣਨ ਲਈ ਬੇਬੀ ਮੌਨੀਟਰ ਫਾਇਦੇਮੰਦ ਹੋ ਸਕਦਾ ਹੈ। ਹੋਰ ਯੰਤਰ ਵੀ ਹਨ ਜਿਨ੍ਹਾਂ 'ਤੇ ਸੈਂਸਰ ਲੱਗੇ ਹੋਏ ਹੁੰਦੇ ਹਨ ਜੋ ਕਿ ਅਸਾਧਾਰਣ ਹਿਲਜੁਲ ਅਤੇ ਹੋਰ ਪੱਖਾਂ ਦਾ ਪਤਾ ਲਾ ਸਕਦੇ ਹਨ ਜਿਵੇਂ ਕਿ ਸਾਹ ਦਾ ਰੁਕਣਾ ਜਾਂ ਇਧਰ ਉਧਰ ਘੁੰਮਣਾ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਇਨ੍ਹਾਂ ਫੰਕਸ਼ਨਾਂ ਦੀ ਗਾਰੰਟੀ ਨਹੀਂ ਹੈ ਕਿਉਂਕਿ ਕਈ ਪੱਖ ਹਨ ਜਿਹੜੇ ਇਨ੍ਹਾਂ ਵਤੀਰਿਆਂ ਦੀ ਸੰਭਾਵਨਾ ਦਾ ਪਤਾ ਲਾਉਂਦੇ ਹਨ।

**ਸਮਾਰਟਵਾਚ** 1-888-334-5045 www.smart-monitor.com
ਕੰਪਨੀ ਇਸ ਨੂੰ, "ਹਿਲਜੁਲ ਦਾ ਪਤਾ ਲਾਉਣ ਅਤੇ ਚੁਕੰਨਾ ਕਰਨ ਲਈ ਗੁੱਟ ਘੜੀ" ਕਹਿੰਦੀ ਹੈ। ਕੰਪਨੀ ਕਹਿੰਦੀ ਹੈ ਕਿ "ਇਹ ਲਗਾਤਾਰ ਹਿਲਜੁਲ 'ਤੇ ਨਿਗ੍ਹਾ ਰੱਖਦੀ ਹੈ, ਅਸਾਧਾਰਣਤਾ ਲਈ ਜਾਣਕਾਰੀ ਦਾ ਵਿਸ਼ਲੇਸ਼ਣ ਕਰਦੀ ਹੈ, ਸਾਵਧਾਨੀ ਜਾਰੀ ਕਰਦੀ ਹੈ ਅਤੇ ਸੁਰੱਖਿਅਤ ਤਰੀਕੇ ਨਾਲ ਘਟਨਾਵਾਂ ਨੂੰ ਰਿਕਾਰਡ ਕਰਦੀ ਹੈ।"

**ਈਜ਼ੀਲਿੰਕ ਯੂ ਕੇ ਐਪੀਲੈਪਸੀ ਮੌਨੀਟਰਜ਼ ਐਂਡ ਅਲਾਰਮਜ਼** 0153-626-4869 www.easylinkuk.co.uk
ਕਈ ਕਿਸਮਾਂ ਦੇ ਮੌਨੀਟਰ ਤਿਆਰ ਕਰਦੀ ਹੈ ਜਿਨ੍ਹਾ ਬਾਰੇ ਉਹ ਕਹਿੰਦੇ ਹਨ ਕਿ ਇਹ, "ਟੌਨਿਕ-ਕਲੋਨਿਕ ਸੀਜ਼ਰਾਂ ਦਾ ਪਤਾ ਲਾਉਣ ਲਈ ਤਿਆਰ ਕੀਤੇ ਗਏ ਹਨ।" ਉਨ੍ਹਾਂ ਵਲੋਂ ਪੇਸ਼ ਕੀਤੀਆਂ ਜਾਂਦੀਆਂ ਹੋਰ ਵਸਤਾਂ ਵਿਚ ਸਾਹ 'ਤੇ ਨਿਗ੍ਹਾ ਰੱਖਣ ਵਾਲੇ ਮੌਨੀਟਰ, ਅਤੇ ਬੈੱਡ, ਅਤੇ ਦਰਵਾਜ਼ੇ ਵਿਚ ਦੀ ਲੰਘਣ 'ਤੇ ਦੱਸਣ ਵਾਲੇ ਅਲਾਰਮ ਸੈਂਸਰ ਸ਼ਾਮਲ ਹਨ। ਉਹ ਕਹਿੰਦੇ ਹਨ ਕਿ ਕੁਝ ਮੌਨੀਟਰਾਂ ਵਿਚ, "ਮਾਈਕਰੋਫੋਨ ਲੱਗਾ ਹੋਇਆ ਹੈ ਜਿਸ ਦੀ ਵਰਤੋਂ ਸੀਜ਼ਰ ਤੋਂ ਪਹਿਲਾਂ ਅਤੇ ਸੀਜ਼ਰ ਦੇ ਦੌਰਾਨ ਆਵਾਜ਼ ਦਾ ਪਤਾ ਲਾਉਣ ਲਈ ਕੀਤੀ ਜਾ ਸਕਦੀ ਹੈ।"

**ਐਪੀਲੈਪਸੀ ਮੋਸ਼ਨ ਡਿਟੈਕਸ਼ਨ ਮੌਨੀਟਰ** 1-800-268-0184 http://stevens.ca/generic.htm?ECINFO=EPILEPSY
ਇਸ ਸਿਸਟਮ ਵਿਚ ਹਿਲਜੁਲ ਦਾ ਪਤਾ ਲਾਉਣ ਵਿਚ ਮਦਦ ਲਈ ਬੈੱਡ ਵਿਚ ਸੰਵੇਦਨਸ਼ੀਲ ਮੋਸ਼ਨ ਸੈਂਸਰ ਲੱਗਾ ਹੋਇਆ ਹੈ। ਕੰਪਨੀ ਦਾ ਕਹਿਣਾ ਹੈ ਕਿ ਇਹ ਮੌਨੀਟਰਿੰਗ ਸਿਸਟਮ "ਸੰਭਾਲ ਕਰਨ ਵਾਲਿਆਂ ਦੀ ਮਦਦ ਲਈ" ਅਤੇ "ਬੈੱਡ ਉੱਪਰ ਹਿਲਜੁਲ ਨਾਲ ਸੀਜ਼ਰਾਂ ਦੀ ਸੰਭਾਵਨਾ ਬਾਰੇ ਚੇਤਨਤਾ ਵਧਾਉਣ ਲਈ" ਤਿਆਰ ਕੀਤਾ ਗਿਆ ਹੈ।

**ਇਮਫਿਟ ਮੂਵਮੈਂਟ ਮੌਨੀਟਰ** 1-877-323-6348 www.emfit.com/en/care/products_care/movement-monitor
ਇਹ ਯੰਤਰ ਉਸ ਵਿਅਕਤੀ 'ਤੇ ਨਿਗਰਾਨੀ ਰੱਖਦਾ ਹੈ ਜਿਸ ਵਿਚ ਨੀਂਦ ਦੌਰਾਨ, "ਖਾਸ ਕਿਸਮਾਂ ਦੀ ਹਿਲਜੁਲ ਹੋ ਸਕਦੀ ਹੈ ਜਿਸ ਬਾਰੇ ਸੰਭਾਲ ਕਰਨ ਵਾਲੇ ਜਾਂ ਪਰਿਵਾਰ ਦੇ ਮੈਂਬਰ ਨੂੰ ਸੁਚੇਤ ਕੀਤੇ ਜਾਣ ਦੀ ਲੋੜ ਹੈ।" ਕੰਪਨੀ ਦਾ ਕਹਿਣਾ ਹੈ ਕਿ ਇਹ ਯੰਤਰ, "ਅਸਾਧਾਰਣ ਹਿਲਜੁਲ ਦਾ ਪਤਾ ਲਾਉਣ ਅਤੇ ਨਿਗਰਾਨੀ ਰੱਖਣ ਲਈ ਵਧੀਆ ਹੈ ਜਿਵੇਂ ਕਿ ਕਿਸੇ ਸੁੱਤੇ ਹੋਏ ਵਿਅਕਤੀ ਦੇ ਮਸਲ ਸਪਾਜ਼ਮਜ਼ (ਪੱਠੇ ਵਿਚ ਜਕੜ) ਹੋਣਾ।"

**ਬੈੱਡ ਸੀਜ਼ਰ ਅਲਾਰਮ.ਕੌਮ** 1-877-606-7243 bedseizurealarm.com
ਇਹ ਕੰਪਨੀ ਦੋ ਵੱਖ ਵੱਖ ਕਿਸਮਾਂ ਦੇ ਯੰਤਰ ਵੇਚਦੀ ਹੈ ਜਿਨ੍ਹਾਂ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ, "ਕੰਬਣ ਜਾਂ ਹੁਝਕਾ ਮਾਰਨ ਦੀ ਮੂਵਮੈਂਟਾਂ ਦਾ ਪਤਾ ਲਾਉਣ ਲਈ ਤਿਆਰ ਕੀਤੇ ਗਏ ਹਨ ਜਿਵੇਂ ਕਿ ਜਿਨ੍ਹਾਂ ਨੂੰ ਅਜਿਹਾ ਕਨਵਲਸਿਵ ਸੀਜ਼ਰਾਂ ਦੌਰਾਨ ਹੁੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਕ ਯੰਤਰ, "ਸੀਜ਼ਰ ਕਿਸਮ ਦੀਆਂ ਹਲਕੀਆਂ ਹਰਕਤਾਂ ਦਾ ਵੀ ਪਤਾ ਲਾਏਗਾ।" ਕੰਪਨੀ ਦਾ ਕਹਿਣਾ ਹੈ ਕਿ ਕੁਝ ਕੇਸਾਂ ਵਿਚ, "ਸਾਹ ਰੁਕਣ ਅਤੇ ਬੈੱਡ 'ਤੇ ਨਾ ਹੋਣ ਦਾ ਵੀ ਪਤਾ ਲਾ ਸਕਦਾ ਹੈ।"

***ਹੋਰ ਯੰਤਰ***

**ਸੇਫਟੀ ਪਲੇਸਮੈਟ** 1-904-993-2157 www.seizuresupport.com/products.htm
ਸੀਜ਼ਰਾਂ ਨਾਲ ਬਿਨਾਂ ਕੰਟਰੋਲ ਦੇ ਡਿਗਣ ਵਾਲੇ ਇਕ ਬੱਚੇ ਦੀ ਮਾਂ ਵਲੋਂ ਤਿਆਰ ਕੀਤਾ ਗਿਆ ਇਹ ਪਲੇਸਮੈਟ ਗੱਦੀ ਦਾ ਕੰਮ ਕਰਦਾ ਹੈ, ਜਿਸ ਵਿਚ ਸਿਰ, ਚਿਹਰੇ ਅਤੇ ਠੋਡੀ ਦੇ ਬਚਾਅ ਲਈ ਟੇਬਲ ਦੇ ਸਿਰਿਆਂ 'ਤੇ ਲਾਇਆ ਜਾਣਾ ਸ਼ਾਮਲ ਹੈ। ਵਿਕਰੀ ਦਾ ਇਕ ਹਿੱਸਾ ਵੱਖ ਵੱਖ ਐਪੀਲੈਪਸੀ ਸੰਸਥਾਵਾਂ ਨੂੰ ਦਾਨ ਵਜੋਂ ਦਿੱਤਾ ਜਾਂਦਾ ਹੈ।

**ਸਲੀਪ-ਸੇਫ ਪਿਲੋਜ਼** www.sleep-safe.co.uk
ਇਹ ਸਿਰ੍ਹਾਣਾ ਸਾਹ ਘੁਟ ਹੋਣ ਤੋਂ ਰੋਕਥਾਮ ਕਰਨ ਲਈ ਰਾਤ ਨੂੰ ਹੋਣ ਵਾਲੇ ਸੀਜ਼ਰਾਂ ਲਈ ਫਾਇਦੇਮੰਦ ਹੋ ਸਕਦਾ ਹੈ। ਇਹ ਸਿਰ੍ਹਾਣੇ ਨਰਮ, ਬਹੁਤ ਜ਼ਿਆਦਾ ਛੇਕਾਂ ਵਾਲੀ ਫੋਮ ਤੋਂ ਬਣਾਏ ਜਾਂਦੇ ਹਨ ਅਤੇ ਇਨ੍ਹਾਂ ਦੀ ਵਿਲੱਖਣ ਸ਼ਕਲ ਅਤੇ ਬਣਤਰ ਹੈ ਜਿਸ ਨਾਲ ਆਮ ਸਿਰ੍ਹਾਣਿਆਂ ਨਾਲੋਂ ਹਵਾ ਦਾ ਵਹਾਅ ਕਿਤੇ ਜ਼ਿਆਦਾ ਰਹਿੰਦਾ ਹੈ।

ਸੋਧਿਆ ਨਵੰਬਰ 2012 (ਈ ਬੀ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**
**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**